بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 11.02.2022

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਮਹਾਨ ਮਰਤਬਾ ਰਖੱਣ ਵਾਲੇ ਖ਼ਲੀਫ਼ਾ ਰਾਸ਼ਿਦ ਹਜ਼ਰਤ ਅਬੂ ਬਕਰ ਸਿੱਦੀਕ ਰਜ਼ੀ ਅਲੱਾਹੁ ਅਨਹੁ ਦੇ ਸਦਗੁਣਾ ਦਾ ਜ਼ਿਕਰ

**ਤਬੂਕ ਦੀ ਜੰਗ ਸਮੇਂ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੇ ਆਪਣਾ ਸਾਰਾ ਧੰਨ ਮਾਲ ਜਿਸਦਾ ਕੁਲ ਮੁੱਲ ਚਾਰ ਹਜ਼ਾਰ ਦਿਰਹਮ ਸੀ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੀ ਸੇਵਾ ਵਿੱਚ ਪੇਸ਼ ਕਰ ਦਿਤੱਾ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 11 ਫ਼ਰਵਰੀ 2022 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ, ਟਿਲਫ਼ੋਰਡ (ਯੂ.ਕੇ.) ਵਿੱਚ ਦਿਤੱਾ**

أَشۡهَدُ أَنۡ لَّا إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ أَمَّا بعد فاعوذ بالله من الشيطٰن الرجيم۔

بِسۡمِ اللّٰہِ الرَّحۡمٰنِ الرَّحِیۡمِ۔ اَلۡحَمۡدُ لِلّٰہِ رَبِّ الۡعٰلَمِیۡنَ۔ الرَّحۡمٰنِ الرَّحِیۡمِ۔ مٰلِکِ یَوۡمِ الدِّیۡنِ۔ اِیَّاکَ نَعۡبُدُ وَ اِیَّاکَ نَسۡتَعِیۡنُ۔ اِہۡدِنَا الصِّرَاطَ الۡمُسۡتَقِیۡمَ۔ صِرَاطَ الَّذِیۡنَ اَنۡعَمۡتَ عَلَیۡہِمۡ غَیۡرِ الۡمَغۡضُوۡبِ عَلَیۡہِمۡ وَ لَا الضَّآلِّیۡنَ۔

ਤਸ਼ਹਹੁਦ, ਤਉਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਇਤਿਹਾਸ ਵਿੱਚ ਮੱਕੇ ਦੀ ਜਿੱਤ ਦੇ ਪੱਖੋਂ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦੇ ਇਸ ਸੁਪਨੇ ਦਾ ਵਰਨਣ ਮਿਲਦਾ ਹੈ ਕਿ ਮੁਸਲਮਾਨ ਮੱਕੇ ਦੇ ਨੇੜੇ ਹੋ ਗਏ ਅਤੇ ਇਕ ਕੁੱਤੀ ਭੌਂਕਦਿਆਂ ਹੋਇਆਂ ਆਈ ਅਤੇ ਨੇੜੇ ਪਹੁੰਚਦਿਆਂ ਹੀ ਪਿੱਠ ਪਾਸੇ ਲੇਟ ਗਈ ਅਤੇ ਉਸਦੇ ਥਣਾਂ ਵਿੱਚੋਂ ਦੁੱਧ ਵਗੱਣ ਲਗੱਾ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਇਸ ਸੁਪਨੇ ਦਾ ਪ੍ਰਤੀਫਲ ਦੱਸਦਿਆਂ ਹੋਇਆਂ ਫ਼ਰਮਾਇਆ ਕਿ ਉਹਨਾਂ ਦਾ ਭੈ ਦੂਰ ਹੋ ਗਿਆ ਤੇ ਲਾਭ ਨੇੜੇ ਹੋ ਗਿਆ । ਉਹ ਤੁਹਾਡੇ ਨਾਲ ਨੇੜਦਾ ਦਰਸ਼ਾਕੇ ਤੁਹਾਡੀ ਪਨਾਹ ਵਿੱਚ ਅਉਣਗੇ ਅਤੇ ਤੁਸੀਂ ਉਹਨਾਂ ਵਿੱਚੋਂ ਕੁਝ ਨੂੰ ਮਿਲਣ ਵਾਲੇ ਹੋ ।

ਮੱਕੇ ਦੀ ਜਿੱਤ ਤੋਂ ਪਹਿਲਾਂ ਜੱਦ ਅਬੂ ਸੁਫ਼ਯਾਨ ਮਰਾਜ਼ੁਹਰਾਨ ਅਸਥਾਨ'ਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੀ ਸੇਵਾ ਵਿੱਚ ਹਾਜ਼ਰ ਹੋਇਆ ਤਾਂ ਆਪ ਸਲਲੱਾਹੁ ਅਲੈਹਿ ਵਸਲੱਮ ਨੇ ਹਜ਼ਰਤ ਅਬੱਾਸ ਰਜ਼ੀ ਅਲੱਾਹੁ ਅਨਹੁ ਜਾਂ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦੇ ਮਸ਼ਵਰੇ ਨਾਲ ਅਬੂ ਸੁਫ਼ਯਾਨ ਨੂੰ ਰਾਤ ਰੋਕ ਲਿਆ ਤਾਂ ਜੋ ਉਹ ਮੁਸਲਮਾਨਾ ਦੇ ਲਸ਼ਕਰ ਨੂੰ ਦੇਖ ਸਕੇ । ਅਬੂ ਸੁਫਯਾਨ ਦੇ ਸਾਹਮਣੇ ਰਸੂਲੇ ਖ਼ੁਦਾ ਸਲਲੱਾਹੁ ਅਲੈਹਿ ਵਸਲੱਮ ਦਾ ਹਰੀ ਪੁਸ਼ਾਕ ਦਾ ਜਥੱਾ ਹਾਜ਼ਰ ਹੋਇਆ ਜਿਸ ਵਿੱਚ ਮੁਹਾਜਰ ਤੇ ਅੰਸਾਰ ਝੰਡਾ ਚੁੱਕੇ ਹੋਏ ਸ਼ਾਮਲ ਸਨ, ਇਕ ਹਜ਼ਾਰ ਅੰਸਾਰ ਲੋਹੇ ਦੀਆਂ ਜ਼ਰ੍ਹਾਂ ਵਿੱਚ ਸੱਜੇ ਹੋਏ ਸਨ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਆਪਣਾ ਝੰਡਾ ਹਜ਼ਰਤ ਸਅਦ ਬਿਨ ਅਬਾਦਾ ਰਜ਼ੀ ਅਲੱਾਹੁ ਅਨਹੁ ਨੂੰ ਦਿਤੱਾ ਸੀ ਅਤੇ ਉਹ ਲਸ਼ਕਰ ਦੇ ਅੱਗੇ ਅੱਗੇ ਸਨ, ਹਜ਼ਰਤ ਸਅਦ ਬਿਨ ਅਬਾਦਾ ਰਜ਼ੀ ਅਲੱਾਹੁ ਅਨਹੁ ਅਬੂ ਸੁਫ਼ਯਾਨ ਦੇ ਨੇੜਿਓਂ ਲੰਘੇ ਤਾਂ ਉਸ ਨੂੰ ਲਲਕਾਰਿਆ । ਇਸ'ਤੇ ਅਬੂ ਸੁਫ਼ਯਾਨ ਨੇ ਹਜ਼ਰਤ ਅਬੱਾਸ ਰਜ਼ੀ ਅਲੱਾਹੁ ਅਨਹੁ ਨੂੰ ਕਿਹਾ, ਹੇ ਅਬੱਾਸ ਅੱਜ ਮੇਰੀ ਸੁਰੱਖਿਆ ਦੀ ਜ਼ੁੱਮੇਦਾਰੀ ਤੁਹਾਡੇ'ਤੇ ਹੈ । ਇਸ ਦੇ ਬਾਦ ਹੋਰ ਦੂਜੇ ਕਬੀਲੇ ਉੱਥੋਂ ਲੰਘੇ ਅਤੇ ਇਸ ਦੇ ਬਾਦ ਰਸੂਲੁਲੱਹ ਸਲਲੱਾਹੁ ਅਲੈਹਿ ਵਸਲੱਮ ਸਾਹਮਣੇ ਪ੍ਰਕਟ ਹੋਏ, ਆਪ ਆਪਣੀ ਉਠਣੀ ਕਸਵਾ'ਤੇ ਸਵਾਰ ਸਨ ਅਤੇ ਆਪ ਸਲਲੱਾਹੁ ਅਲੈਹਿ ਵਸਲੱਮ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਅਤੇ ਹਜ਼ਰਤ ਉਸੈਦ ਬਿਨ ਹਜ਼ੀਰ ਰਜ਼ੀ ਅਲੱਾਹੁ ਅਨਹੁ ਵਿਚਕਾਰ ਇਹਨਾਂ ਦੋਹਾਂ ਨਾਲ ਗੱਲੱਾਂ ਕਰਦਿਆਂ ਹੋਇਆਂ ਆ ਰਹੇ ਸਨ । ਹਜ਼ਰਤ ਅਬੱਾਸ ਰਜ਼ੀ ਅਲੱਾਹੁ ਅਨਹੁ ਨੇ ਅਬੂ ਸੁਫ਼ਯਾਨ ਨੂੰ ਕਿਹਾ ਇਹ ਹਨ ਰਸੂਲੁਲੱਾਹ ਸਲਲੱਾਹੁ ਅਲਹਿ ਵਸਲੱਮ ।

ਜੱਦ ਆਪ ਸਲਲੱਾਹੁ ਅਲੈਹਿ ਵਸਲੱਮ ਮੱਕੇ ਵਿੱਚ ਦਾਖ਼ਲ ਹੋਏ ਤਾਂ ਦੇਖਿਆ ਕਿ ਔਰਤਾਂ ਘੋੜਿਆਂ ਦੇ ਮੂੰਹਾਂ'ਤੇ ਦੁਪੱਟੇ ਮਾਰ ਮਾਰਕੇ ਉਹਨਾ ਨੂੰ ਪਿੱਛੇ ਹਟਾ ਰਹੀਆਂ ਸਨ । ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਨੇ ਇਹ ਦ੍ਰਿਸ਼ ਦੇਖਿਆ ਤਾਂ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੂੰ ਫ਼ਰਮਾਇਆ ਕਿ ਹਸਾਨ ਬਿਨ ਸਾਬਤ ਨੇ ਕੀ ਕਿਹਾ ਹੈ । ਜਿਸ'ਤੇ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੇ ਹਸਾਨ ਬਿਨ ਸਾਬਤ ਦੇ ਉਹ ਸ਼ੇਅਰ ਪੜ੍ਹੇ ਜਿੰਨ੍ਹਾ ਵਿੱਚ ਰੁਹਬਦਾਰ ਲਸ਼ਕਰ ਦੇ 'ਕਦਾ' ਵੱਲੋਂ ਦਾਖ਼ਲ ਹੋਣ ਦੇ ਵਰਨਣ ਵਿੱਚ ਇਸ ਪ੍ਰਕਾਰ ਦੇ ਦ੍ਰਿਸ਼ ਖਿੱਚੇ ਹਨ । ਆਪ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਇਆ ਫਿਰ ਉੱਥੋਂ ਹੀ ਦਾਖ਼ਲ ਹੋਵੋ ਜਿੱਥੋਂ ਹਸਾਨ ਬਿਨ ਸਾਬਤ ਨੇ ਕਿਹਾ ਹੈ । 'ਕਦਾ' ਅਰਫ਼ਾਤ ਦਾ ਹੀ ਦੂਜਾ ਨਾਂ ਹੈ ।

ਮੱਕੇ ਦੀ ਜਿੱਤ ਮੌਕੇ ਆਪ ਸਲਲੱਾਹੁ ਅਲੈਹਿ ਵਸਲੱਮ ਨੇ ਅਮਨ ਦਾ ਐਲਾਨ ਕਰਵਾਇਆ ਤਾਂ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੇ ਅਰਜ਼ ਕੀਤੀ ਕਿ ਅਬੂ ਸੁਫ਼ਯਾਨ ਸ਼ਾਂਤੀ ਪਸੰਦ ਕਰਦਾ ਹੈ, ਸੋ, ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਜੋ ਅਬੂ ਸੁਫ਼ਯਾਨ ਦੇ ਘਰ ਵਿੱਚ ਦਾਖ਼ਲ ਹੋ ਜਾਏਗਾ ਉਹ ਅਮਨ ਵਿੱਚ ਰਹੇਗਾ । ਜੱਦ ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਦੇ ਹੁਕਮ ਨਾਲ ਹੁਬੁਲ ਬੁੱਤ ਨੂੰ ਢਾਹਿਆ ਗਿਆ ਤਾਂ ਜ਼ੁਬੈਰ ਬਿਨ ਅਵਾਮ ਰਜ਼ੀ ਅਲੱਾਹੁ ਅਨਹੁ ਨੇ ਅਬੂ ਸੁਫ਼ਯਾਨ ਨੂੰ ਚੇਤੇ ਕਰਾਇਆ ਕਿ ਉਹਦ ਦੇ ਦਿਨ ਤੁਸੀਂ ਇਸੇ ਬੁੱਤ ਬਾਰੇ ਬਹੁਤ ਹੰਕਾਰ ਨਾਲ ਐਲਾਨ ਕੀਤਾ ਸੀ ਕਿ ਉਸਨੇ ਤੁਹਾਡੇ'ਤੇ ਪੁਰਸਕਾਰ ਕੀਤਾ ਹੈ । ਅਬੂ ਸੁਫ਼ਯਾਨ ਨੇ ਕਿਹਾ ਹੁਣ ਇਹਨਾਂ ਗਲੱਾਂ ਨੂੰ ਜਾਣ ਦਿਓ । ਮੈਂ, ਜਾਣ ਗਿਆ ਹਾਂ ਕਿ ਜੇਕਰ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਰੱਬ ਤੋਂ ਬਿਨਾ ਵੀ ਕੋਈ ਹੋਰ ਰੱਬ ਹੁੰਦਾ ਤਾਂ ਜੋ ਅੱਜ ਹੋਇਆ ਹੈ ਉਹ ਅੱਜ ਨ ਹੁੰਦਾ ।

ਹਜ਼ਰਤ ਅਬੂ ਹੁਰੈਰਾ ਰਜ਼ੀ ਅਲੱਾਹੁ ਅਨਹੁ ਕਹਿੰਦੇ ਹਨ ਕਿ ਮੱਕੇ ਦੀ ਜਿੱਤ ਦੇ ਦਿਨ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਮੌਜੂਦ ਸਨ ਅਤੇ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਤਲਾਵਾਰ ਤਾਣੇ ਹੋਏ ਸੁਰੱਖਿਆ ਲਈ ਆਪ ਜੀ ਦੇ ਸਰ੍ਹਾਣੇ ਖੜੇ ਸਨ ।

ਹੁਨੈਨ ਦੀ ਜੰਗ ਜਿਸਨੂੰ ਹਵਾਜ਼ਨ ਜਾਂ ਓਤਾਸ ਦੀ ਜੰਗ ਵੀ ਕਹਿੰਦੇ ਹਨ । ਅੱਠ ਹਿਜਰੀ ਵਿੱਚ ਮੱਕੇ ਦੀ ਜਿੱਤ ਦੇ ਬਾਦ ਹੋਈ । ਹੁਨੈਨ ਮੱਕੇ ਤੇ ਤਾਇਫ਼ ਵਿਚਕਾਰ ਮੱਕੇ ਤੋਂ ਤੀਹ ਮੀਲ ਦੀ ਦੂਰੀ'ਤੇ ਇਕ ਘਾਟੀ ਹੈ । ਮੱਕੇ ਦੀ ਜਿੱਤ ਦੀ ਸੂਚਨਾ ਮਿਲਣ'ਤੇ ਮਾਲਕ ਬਿਨ ਔਫ਼ ਨਸਰੀ ਦੀ ਹਲੱਾਸ਼ੇਰੀ'ਤੇ ਅਰਬ ਦੇ ਕਬੀਲਿਆਂ ਦਾ ਇਕ ਵਡੱਾ ਲਸ਼ਕਰ ਮੁਕਾਬਲੇ ਲਈ ਤਿਆਰ ਹੋਇਆ । ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਬਾਰ੍ਹਾਂ ਹਜ਼ਾਰ ਦੇ ਲਸ਼ਕਰ ਨਾਲ ਮੁਕਾਬਲੇ ਲਈ ਨਿਕਲੇ ਅਤੇ ਚੜ੍ਹਦੀ ਸਵੇਰ ਹੁਨੈਨ ਜਾ ਪਹੁੰਚੇ । ਮੁਸ਼ਰਿਕਾਂ ਦਾ ਲਸ਼ਕਰ ਪਹਿਲਾਂ ਤੋਂ ਹੀ ਘਾਟੀਆਂ ਵਿੱਚ ਲੁਕਿਆ ਬੈਠਿਆ ਸੀ । ਉਹਨਾ ਨੇ ਮੁਸਲਮਾਨਾ'ਤੇ ਅਚਨਚੇਤ ਐਨ੍ਹਾ ਤਿਖੱਾ ਹਮਲਾ ਕੀਤਾ ਕਿ ਮੁਸਲਮਾਨ ਸੰਭਲ ਨ ਸਕੇ ਅਤੇ ਖਿੰਡ ਗਏ । ਰਿਵਾਇਤਾਂ ਵਿੱਚ ਵਰਨਣ ਹੈ ਕਿ ਆਪ ਸਲਲੱਾਹੁ ਅਲੈਹਿ ਵਸਲੱਮ ਕੋਲ ਕੇਵਲ ਗਿਣਤੀ ਦੇ ਕੁਝ ਸਹਾਬਾ ਰਹਿ ਗਏ ਸਨ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਫ਼ਰਮਾਉਂਦੇ ਹਨ ਕਿ (ਹੁਨੈਨ ਦੀ ਜੰਗ ਵਿੱਚ) ਇਕ ਸਮਾਂ ਅਜਿਹਾ ਵੀ ਆਇਆ ਕਿ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਚੁਫ਼ੇਰੇ ਕੇਵਲ ਬਾਰ੍ਹਾਂ ਸਹਾਬੀ ਰਹਿ ਗਏ । ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੇ ਘਬਰਾਕੇ ਆਪ ਸਲਲੱਾਹੁ ਅਲੈਹਿ ਵਸਲੱਮ ਦੀ ਸਵਾਰੀ ਦੀ ਲਗਾਮ ਫੜ ਲਈ ਅਤੇ ਅਰਜ਼ ਕੀਤੀ ਕਿ ਹੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ! ਇਹ ਅੱਗੇ ਵਧੱਣ ਦਾ ਸਮਾਂ ਨਹੀਂ, ਪਰ ਆਪ ਜੀ ਨੇ ਬਹੁਤ ਜੋਸ਼ ਨਾਲ ਫ਼ਰਮਾਇਆ, ਮੇਰੀ ਸਵਾਰੀ ਦੀ ਬਾਗ ਛੱਡ ਦਿਓ ਅਤੇ ਫ਼ਿਰ ਅੱਡੀ ਲਾਉਦਿਆਂ ਹੋਇਆਂ ਅੱਗੇ ਵਧੇ ਅਤੇ ਕਹਿੰਦੇ ਜਾਂਦੇ ਸਨ ਕਿ ਮੈਂ ਮਊਦ (ਉਹੋ ਨਬੀ ਹਾਂ ਜਿਸਦੇ ਆਉਣ ਦੇ ਵਾਦੇ ਹਨ) ਨਬੀ ਹਾਂ, ਜਿਸਦੀ ਦੀ ਸੁਰੱਖਿਆ ਦਾ ਪਕੱਾ ਵਾਦਾ ਹੈ । ਮੈਂ ਝੂਠਾ ਨਹੀਂ ਹਾਂ, ਇਸ ਲਈ ਤੁਸੀਂ ਤਿੰਨ ਹਜ਼ਾਰ ਤੀਰ ਅੰਦਾਜ਼ ਹੋ ਜਾਂ ਤੀਹ ਹਜ਼ਾਰ ਮੈਨੂੰ ਪਰਵਾਹ ਨਹੀਂ ।

ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੇ ਇਸ ਫ਼ਰਮਾਨ'ਤੇ ਹਜ਼ਰਤ ਅਬੱਾਸ ਰਜ਼ੀ ਅਲੱਾਹੁ ਅਨਹੁ ਨੇ ਅਵਾਜ਼ ਲਾਈ ਕਿ ਹੇ, ਸੂਰਤ ਬਕਰਹ ਦੇ ਸਾਹਬੀਓ ! ਹੇ ਹੁਦੈਬੀਆ ਦੇ ਦਿਨ ਰੁੱਖ ਹੇਠ ਬਹਿਕੇ ਬੈਅਤ ਕਰਨ ਵਾਲਿਓ !! ਰੱਬ ਦਾ ਰਸੂਲ ਤੁਹਾਨੂੰ ਬੁਲਾਉਂਦਾ ਹੈ। ਇਕ ਸਹਾਬੀ ਕਹਿੰਦੇ ਹਨ ਕਿ ਨੌ ਮੁਸਲਮਾਨਾ ਦੀ ਬੁਜ਼ਦਿਲੀ ਕਰਕੇ ਸਾਡੀ ਸਵਾਰੀਆਂ ਵੀ ਬਿਦਕ ਗਈਆਂ ਤੇ ਦੌੜ ਪਈਆਂ ਸਨ ਪਰ ਜਿਵੇਂ ਹੀ ਇਹ ਅਵਾਜ਼ ਮੇਰੇ ਕੰਨ੍ਹਾ ਵਿੱਚ ਪਈ ਤਾਂ ਮੈਨੂੰ ਇਉਂ ਲੱਗਿਆ ਕਿ ਮੈਂ ਜੀਊਂਦਾ ਨਹੀਂ ਮੁਰਦਾ ਹਾਂ ਅਤੇ ਇਸਰਾਫ਼ੀਲ ਦਾ (ਬਿਗੁਲ) ਵਾਜਾ ਵਾਤਾਵਰਣ ਵਿੱਚ ਗੂੰਜ ਰਿਹਾ ਹੈ । ਮੈਂ ਆਪਣੀ ਸਵਾਰੀ ਨੂੰ ਮੋੜਨਾ ਚਾਹਿਆ ਪਰ ਉਹ ਬਿਦਕੀ ਹੋਈ ਸੀ । ਮੈਂ ਤੇ ਮੇਰੇ

ਕਈ ਸਾਥੀਆਂ ਨੇ ਊਠਾਂ ਤੋਂ ਛਾਲਾਂ ਮਾਰ ਦਿੱਤੀਆਂ । ਕਈਆਂ ਨੇ ਤਾਂ ਊਠਾਂ ਦੀਆਂ ਧੋਣਾ ਵੱਡ ਦਿੱਤੀਆਂ ਅਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਵੱਲ ਦੌੜਨ ਲੱਗੇ ।

ਹਜ਼ਰਤ ਅਬੂ ਕਤਾਦਾ ਰਜ਼ੀ ਅਲੱਾਹੁ ਅਨਹੁ ਵਰਨਣ ਕਰਦੇ ਹਨ ਕਿ ਹੁਨੈਨ ਦੀ ਜੰਗ ਦੇ ਬਾਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਜੋ ਵਿਅਕਤੀ ਕਿਸੇ ਕਤਲ ਹੋਏ ਬਾਰੇ ਇਹ ਪ੍ਰਮਾਣ ਪੇਸ਼ ਕਰੇ ਕਿ ਉਸਨੇ ਉਸਨੂੰ ਕਤਲ ਕੀਤਾ ਹੈ ਤਾਂ ਉਸ ਮਕਤੂਲ ਦਾ ਸਮਾਨ ਉਸ ਕਾਤਲ ਦਾ ਹੋਵੇਗਾ । ਮੈਂ ਇਸ ਮਕਤੂਲ (ਕਤਲ ਹੋਏ) ਦੀ ਘਟਨਾ ਨੂੰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੇ ਸਾਹਮਣੇ ਵਰਨਣ ਕੀਤਾ । ਆਪ ਸਲਲੱਾਹੁ ਅਲੈਹਿ ਵਸਲੱਮ ਦੇ ਨਾਲ ਬੈਠੇ ਹੋਏ ਇਕ ਵਿਕਅਤੀ ਨੇ ਕਿਹਾ ਕਿ ਇਸ ਮਕਤੂਲ ਦੇ ਹੱਥਿਆਰ ਜਿਸਦਾ ਇਹ ਵਰਨਣ ਕਰਦੇ ਹਨ ਮੇਰੇ ਕੋਲ ਹਨ । ਆਪ ਸਲਲੱਾਹੁ ਅਲੈਹਿ ਵਸਲੱਮ ਜੋ ਸਮਾਨ ਮੇਰੇ ਕੋਲ ਹੈ ਉਹ ਮੇਰੇ ਕੋਲ ਹੀ ਰਹਿਣ ਦੇਣ ਅਤੇ ਇਹਨਾ ਨੂੰ ਕੁਝ ਹੋਰ ਦੇ ਦੇਣ । ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਉੱਥੇ ਬੈਠੇ ਸਨ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੇ ਕਿਹਾ ਅਜਿਹਾ ਉਕੱਾ ਹੀ ਨਹੀਂ ਹੋ ਸਕਦਾ । ਆਪ ਸਲਲੱਾਹੁ ਅਲੈਹਿ ਵਸਲੱਮ ਕੁਰੈਸ਼ ਦੇ ਇਕ ਬੁਜ਼ਦਿਲ ਨੂੰ ਤਾਂ ਸਮਾਨ ਦੁਆ ਦੇਣ ਅਤੇ ਰੱਬ ਦੇ ਸ਼ੇਰਾਂ ਵਿੱਚ ਇਕ ਸ਼ੇਰ ਨੂੰ ਛੱਡ ਦੇਣ ਜੋ ਰੱਬ ਅਤੇ ਉਸਦੇ ਰਸੂਲ ਸਲਲੱਾਹੁ ਅਲੈਹਿ ਵਸਲੱਮ ਵੱਲੋਂ ਲੜ ਰਿਹਾ ਹੈ । ਹਜ਼ਰਤ ਅਬੂ ਕਤਾਦਾ ਰਜ਼ੀ ਅਲੱਾਹੁ ਅਨਹੁ ਕਹਿੰਦੇ ਹਨ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਖੜੇ ਹੋਏ ਅਤੇ ਆਪ ਜੀ ਨੇ ਮੈਨੂੰ ਉਹ ਸਮਾਨ ਦੁਆ ਦਿਤੱਾ ।

ਤਾਇਫ਼ ਦੀ ਜੰਗ ਸ਼ਵਾਲ ਅੱਠ ਹਿਜਰੀ ਕਿਵੱਚ ਹੋਈ । ਆਪ ਸਲਲੱਾਹੁ ਅਲੈਹਿ ਵਸਲੱਮ ਨੇ ਤਾਇਫ਼ ਵਾਸੀਆਂ ਦਾ ਘਿਰਾਓ ਕੀਤਾ । ਵੱਖ ਵੱਖ ਰਿਵਾਇਤਾਂ ਅਨੁਸਾਰ ਇਸ ਘਿਰਾਓ ਦਾ ਸਮਾਂ ਦੱਸ ਰਾਤਾਂ ਤੋਂ ਚਾਲ੍ਹੀ ਰਾਤਾਂ ਤੱਕ ਦੱਸਿਆ ਜਾਂਦਾ ਹੈ । ਇਕ ਮੌਕੇ'ਤੇ ਆਪ ਸਲਲੱਾਹੁ ਅਲੈਹਿ ਵਸਲੱਮ ਨੇ ਇਕ ਸੁਪਨਾ ਦੇਖਿਆ ਅਤੇ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੇ ਉਹੋ ਪ੍ਰਤੀਫਲ ਦੱਸਿਆ ਜੋ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦਾ ਵੀ ਵਿਚਾਰ ਸੀ ।

ਤਬੂਕ ਦੀ ਜੰਗ ਨੌ ਹਿਜਰੀ ਵਿੱਚ ਹੋਈ । ਇਸ ਜੰਗ ਦੇ ਮੌਕੇ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੇ ਆਪਣਾ ਸਾਰਾ ਧੰਨ ਮਾਲ ਜਿਸਦਾ ਕੁਲ ਮੁੱਲ ਚਾਰ ਹਜ਼ਾਰ ਦਿਰਹਮ ਸੀ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੀ ਸੇਵਾ ਵਿੱਚ ਪੇਸ਼ ਕਰ ਦਿਤੱਾ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੂੰ ਪੁੱਛਿਆ ਕਿ ਆਪਣੇ ਘਰ ਵਾਲਿਆਂ ਲਈ ਵੀ ਕੁਝ ਛੱਡਿਆ ਹੈ । ਇਸ'ਤੇ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੇ ਅਰਜ਼ ਕੀਤੀ ਕਿ ਘਰ ਵਾਲਿਆਂ ਲਈ ਰੱਬ ਅਤੇ ਉਸ ਦਾ ਰਸੂਲ ਛੱਡ ਆਇਆ ਹਾਂ । ਜ਼ੈਦ ਬਿਨ ਅਸਲਮ ਆਪਣੇ ਪਿਤਾ ਵੱਲੋਂ ਰਿਵਾਇਤ ਵਰਨਣ ਕਰਦੇ ਹਨ ਕਿ ਮੈਂ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੂੰ ਇਹ ਕਹਿੰਦਿਆਂ ਹੋਇਆਂ ਸੁਣਿਆ ਕਿ ਮੈਂ ਆਪਣਾ ਅਧੱਾ ਧੰਨ ਮਾਲ ਲਿਆਇਆ ਅਤੇ ਸੋਚਿਆ ਕਿ ਜੇਕਰ ਮੈਂ ਕਦੇ ਅਬੂ ਬਕਰ'ਤੇ ਪਹਿਲ ਲੈ ਸਕਿਆ ਤਾਂ ਉਹ ਅੱਜ ਦਾ ਦਿਨ ਹੋਵੇਗਾ । ਪਰ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਆਪਣਾ ਸਾਰਾ ਧੰਨ ਮਾਲ ਲੈਕੇ ਹਾਜ਼ਰ ਹੋਏ ਤਾਂ ਮੈਂ ਕਿਹਾ ਕਿ ਰੱਬ ਦੀ ਸਹੁੰ ! ਮੈਂ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਤੋਂ ਕਿਸੇ ਵੀ ਚੀਜ਼ ਵਿੱਚ ਕਦੇ ਵੀ ਪਹਿਲ ਨਹੀਂ ਲੈ ਜਾ ਸਕਦਾ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਸ ਘਟਨਾ ਨੂੰ ਵਰਨਣ ਕਰਕੇ ਬਐਤ ਕਰਨ ਵਾਲਿਆਂ ਬਾਰੇ ਫ਼ਰਮਾਉਂਦੇ ਹਨ ਕਿ ਇਕ ਉਹ ਹਨ ਜੋ ਬੈਅਤ ਤਾਂ ਕਰ ਜਾਂਦੇ ਹਨ ਅਤੇ ਇਕਰਾਰ ਵੀ ਕਰ ਜਾਂਦੇ ਹਨ ਕਿ ਅਸੀਂ ਦੀਨ (ਧਰਮ) ਨੂੰ ਦੁਨੀਆ'ਤੇ ਪਹਿਲ ਦਿਆਂਗੇ, ਪਰ ਮਦਦ ਤੇ ਸਹਾਇਤਾ ਦੇ ਮੌਕੇ ਆਪਣੀਆਂ ਜੇਬਾਂ ਨੂੰ ਘੁੱਟਕੇ ਫੜੀ ਰਖੱਦੇ ਹਨ । ਭਲਾ ਅਜਿਹਾ ਦੁਨੀਆ ਨਾਲ ਮੋਹ ਕੋਈ ਦੀਨੀ (ਧਾਰਮਕ) ਮੰਤਵ ਪਾ ਸਕਦਾ ਹੈ ਅਤੇ ਕੀ ਅਜਿਹੇ ਲੋਕਾਂ ਦਾ ਹੋਣਾ ਕੁਝ ਲਾਭ ਪਾਤਰ ਹੋ ਸਕਦਾ ਹੈ, ਉਕੱਾ ਹੀ ਨਹੀਂ, ਉਕੱਾ ਹੀ ਨਹੀਂ । ਫਿਰ ਆਪ ਜੀ ਨੇ ਫ਼ਰਮਾਇਆ ਰੱਬ ਫ਼ਰਮਾਉਂਦਾ ਹੈ ਕਿ ਜੱਦ ਤੱਕ ਮਾਲ ਜੋ ਤੁਹਾਨੂੰ ਪਿਆਰਾ ਹੈ ਇਸ ਨੂੰ ਖਰਚ ਨਹੀਂ ਕਰੋਗੇ ਉਸ ਸਮੇਂ ਤੱਕ ਤੁਹਾਡੀ ਕੋਈ ਨੇਕੀ, ਨੇਕੀ ਨਹੀਂ ।

ਹਜ਼ਰਤ ਅਬਦੁਲੱਾਹ ਬਿਨ ਮਸਊਦ ਰਜ਼ੀ ਅਲੱਾਹੁ ਅਨਹੁ ਫ਼ਰਮਾਉਂਦੇ ਹਨ ਕਿ ਤਬੂਕ ਵਿੱਚ ਇਕ ਰਾਤ ਮੈਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ, ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਅਤੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੂੰ ਦੇਖਿਆ ਕਿ ਆਪ ਤਿੰਨੇ ਹਜ਼ਰਤ ਅਬਦੁਲੱਾਹ ਜ਼ੁਲਬਜਾਦੀਨ ਰਜ਼ੀ ਅਲੱਾਹੁ ਅਨਹੁ ਨੂੰ ਕਬਰ ਵਿੱਚ ਦਫ਼ਨ ਕਰ ਰਹੇ ਸਨ । ਆਪ ਫ਼ਰਮਾਉਂਦੇ ਹਨ ਕਿ ਮੈਂ ਤਮਨੱਾ ਕੀਤੀ ਕਿ ਕਾਸ਼ ਇਹ ਕਬਰ ਵਾਲਾ ਮੈਂ ਹੁੰਦਾ ।

ਹਜ਼ੂਰ ਅਕਰਮ ਸਲਲੱਾਹੁ ਅਲੈਹਿ ਵਸਲੱਮ ਨੇ ਨੌ ਹਿਜਰੀ ਵਿੱਚ ਤਬੂਕ ਤੋਂ ਵਾਪਸੀ'ਤੇ ਹੱਜ ਲਈ ਜਾਣ ਦਾ ਇਰਾਦਾ ਕੀਤਾ । ਪਰ ਜੱਦ ਆਪ ਸਲਲੱਾਹੁ ਅਲੈਹਿ ਵਸਲੱਮ ਨੂੰ ਦੱਸਿਆ ਗਿਆ ਕਿ ਹੱਜ ਦੇ ਮੌਕੇ'ਤੇ ਮੁਸ਼ਰਿਕ ਸ਼ਿਰਕੀਆ (ਅਨੇਕਈਸ਼ਵਰ ਵਾਦੀ) ਸ਼ਬਦਾਂ ਰਾਹੀਂ ਅਤੇ ਨੰਗੇ ਹੋਕੇ ਪ੍ਰਕਰਮਾ ਕਰਦੇ ਹਨ ਤਾਂ ਆਪ ਸਲਲੱਾਹੁ ਅਲੈਹਿ ਵਸਲੱਮ ਨੇ ਇਸ ਸਾਲ ਹੱਜ ਕਰਨ ਦਾ ਇਰਾਦਾ ਤਿਆਗ ਦਿਤੱਾ ਅਤੇ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੂੰ ਅਮੀਰੁਲਹੱਜ ਨਿਯੁਕਤ ਕੀਤਾ । ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਤਿੰਨ ਸੌ ਸਹਾਬਾ ਦੇ ਨਾਲ ਹੱਜ ਲਈ ਰਵਾਨਾ ਹੋਏ । ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਨੇ ਕੁਰਬਾਨੀ ਲਈ ਵੀਹ ਜਨਵਰ ਰਵਾਨਾ ਕੀਤੇ । ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦੇ ਚਲੱਣ ਦੇ ਬਾਦ ਸੂਰਤ ਤੌਬਾ ਨਾਜ਼ਿਲ ਹੋਈ । ਆਪ ਸਲਲੱਾਹੁ ਅਲੈਹਿ ਵਸਲੱਮ ਨੇ ਹਜ਼ਰਤ ਅਲੀ ਰਜ਼ੀ ਅਲੱਾਹੁ ਅਨਹੁ ਨੂੰ ਬੁਲਵਾਇਆ ਅਤੇ ਉਹਨਾਂ ਨੂੰ ਕਿਹਾ ਕਿ ਸੂਰਤ ਤੌਬਾ ਦੇ ਅਰੰਭ ਵਿੱਚ ਜੋ ਵਰਨਣ ਹੋਇਆ ਹੈ ਉਸ ਨੂੰ ਲੈ ਜਾਓ ਅਤੇ ਕੁਰਬਾਨੀ ਦੇ ਦਿਨ ਜੱਦ ਮਨਾ ਵਿੱਚ ਲੋਕ ਇਕੱਠੇ ਹੋਣ ਤਾਂ ਇਸ ਵਿੱਚ ਐਲਾਨ ਕਰ ਦਿਓ ਕਿ ਸਵਰਗ ਵਿੱਚ ਕੋਈ ਕਾਫ਼ਰ (ਇਨਕਾਰੀ) ਦਾਖ਼ਲ ਨਹੀਂ ਹੋਵੇਗਾ । ਇਸ ਸਾਲ ਦੇ ਬਾਦ ਕਿਸੇ ਮੁਸ਼ਰਿਕ (ਅਨੇਕ ਈਸ਼ਵਰਵਾਦੀ) ਨੂੰ ਹੱਜ ਦੀ ਆਗਿਆ ਨਹੀਂ ਹੋਵੇਗੀ । ਨ ਹੀ ਕਿਸੇ ਨੂੰ ਨੰਗੇ ਸ਼ਰੀਰ ਬੈਤੁਲੱਾਹ ਦੀ ਪ੍ਰਕਰਮਾ ਕਰਨ ਦੀ ਆਗਿਆ ਹੋਵੇਗੀ । ਜਿਸ ਕਿਸੇ ਦੇ ਨਾਲ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਕੋਈ ਮੁਆਹਿਦਾ (ਸੰਧੀ) ਕੀਤਾ ਹੈ ਉਸਦੀ ਮੁਦੱਤ ਪੂਰੀ ਕੀਤੀ ਜਾਵੇਗੀ ।

ਜੱਦ ਹਜ਼ਰਤ ਅਬੂਬਕਰ ਰਜ਼ੀ ਅਲੱਾਹੁ ਅਨਹੁ ਨੂੰ ਹਜ਼ਰਤ ਅਲੀ ਰਜ਼ੀ ਅਲੱਾਹੁ ਅਨਹੁ ਮਿਲੇ ਤਾਂ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੇ ਪੁੱਛਿਆ ਕਿ ਆਪ ਨੂੰ ਅਮੀਰ ਨਿਯੁਕਤ ਕੀਤਾ ਗਿਆ ਹੈ ਜਾਂ ਆਪ ਮੇਰੇ ਮਾਤਹਿਤ ਹੋਣਗੇ । ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਇਹ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦੀ ਵਿਨਮ੍ਰਤਾ ਦੀ ਅਥਾਹ ਹੈ । ਹਜ਼ਰਤ ਅਲੀ ਰਜ਼ੀ ਅਲੱਾਹੁ ਅਨਹੁ ਨੇ ਕਿਹਾ ਕਿ ਮੈਂ ਆਪ ਦੇ ਮਾਤਹਿਤ ਹੋਵਾਂਗਾ । ਇਕ ਰਿਵਾਇਤ ਅਨੁਸਾਰ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੇ ਅਰਫ਼ਾ ਦੇ ਸਥਾਨ'ਤੇ ਲੋਕਾਂ ਨੂੰ ਸੰਬੋਧਨ ਕੀਤਾ ਅਤੇ ਫਿਰ ਹਜ਼ਰਤ ਅਲੀ ਰਜ਼ੀ ਅਲੱਾਹੁ ਅਨਹੁ ਨੂੰ ਫ਼ਰਮਾਇਆ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦਾ ਸੰਦੇਸ਼ ਪਹੁੰਚਾਓ । ਸੋ, ਹਜ਼ਰਤ ਅਲੀ ਰਜ਼ੀ ਅਲੱਾਹੁ ਅਨਹੁ ਨੇ ਸੂਰਤ ਬਰਾਇਤ (ਸੂਰਤ ਤੌਬਾ) ਦੀਆਂ ਚਾਲ੍ਹੀ ਆਇਤਾਂ ਸੁਣਾਈਆਂ ।

ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦਾ ਜ਼ਿਕਰ ਭਵਿੱਖ ਵਿੱਚ ਜਾਰੀ ਰਹਿਣ ਦਾ ਆਖਣ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਮੁਤਰਮਾ ਅਮਤੁਲ ਲਤੀਫ਼ ਖ਼ੁਰਸ਼ੀਦ ਸਾਹਿਬਾ ਸੁਪਤਨੀ ਸ਼ੇਖ਼ ਖ਼ੁਰਸ਼ੀਦ ਅਹਮਦ ਸਾਹਬ ਮਰਹੂਮ ਅਸਿਸਟੈਂਟ ਐਡੀਟਰ ਅਲਫ਼ਜ਼ਲ ਰਬਵਾ ਦਾ ਜ਼ਿਕਰੇ ਖ਼ੈਰ ਕੀਤਾ ਅਤੇ ਨਮਾਜ਼ ਜਨਾਜ਼ਾ ਗ਼ਾਇਬ ਪੜ੍ਹਾਉਣ ਦਾ ਐਲਾਨ ਕੀਤਾ । ਹਜ਼ੂਰ ਅਨਵਰ ਨੇ ਮਰਹੂਮਾ ਦੀ ਬਖ਼ਸ਼ਿਸ਼ ਤੇ ਦਰਜਿਆਂ ਦੀ ਬੁਲੰਦੀ ਲਈ ਦੁਆ ਕੀਤੀ ।

اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رحمکم اللّٰہ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔

**Khulasa Khutba Jumma 11.02.2022**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131